# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਐਸ.ਏ.ਐਸ. ਨਗਰ

(ਅਮਲਾ-1 ਸ਼ਾਖਾ)

## ਪਬਲਿਕ ਨੋਟਿਸ

ਵਿਸ਼ਾ :- **ਪ੍ਰਾਇਮਰੀ ਕਾਡਰ ਅਧੀਨ ਕੰਮ ਕਰਦੇ ਅਧਿਆਪਕਾਂ ਦੀ ਤਿਆਰ ਕੀਤੀ ਪ੍ਰੋਵੀਜਨਲ Inter-Se ਸੀਨੀਆਰਤਾ ਤੇ ਇਤਰਾਜ ਮੰਗਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਲੀ.ਸਿ.) ਵੱਲੋਂ ਗਠਿਤ ਕਮੇਟੀ ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ), ਪੰਜਾਬ ਤੋਂ ਪ੍ਰਾਪਤ ਸੀਨੀਆਰਤਾ ਡਾਟਾ ਦੇ ਆਧਾਰ ਤੇ ਪ੍ਰਾਇਮਰੀ ਕਾਡਰ ਵਿੱਚ ਕੰਮ ਕਰਦੇ ਅਧਿਆਪਕਾਂ ਦੀ ਪ੍ਰੋਵੀਜਨਲ **Inter-Se** ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਪ੍ਰੋਵੀਜਨਲ **Inter-Se** ਸੀਨੀਆਰਤਾ ਸੂਚੀਂ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਅਧਿਆਪਕ ਦਾ ਨਾਂ ਸੀਨੀਆਰਤਾ ਸੂਚੀਂ ਵਿੱਚ ਦਰਜ ਨਹੀਂ ਹੈ ਜਾਂ ਕਿਸੇ ਅਧਿਆਪਕ ਦਾ ਉਸ ਦੇ ਡਾਟਾ ਸਬੰਧੀ (ਨਾਮ/ਅਹੁੱਦਾ/ਭਰਤੀ ਦੀ ਕਿਸਮ/ਮਿਤੀਆਂ/ਵਿਦਿਅਕ ਯੋਗਤਾ/ਸੀਨੀਆਰਤਾ ਵਿੱਚ ਸਥਾਨ ਆਦਿ) ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਈ ਪੰਜਾਬ ਦੀ ਵੈਬਸਾਈਟ ਤੇ ਜਾ ਕੇ ਆਪਣੇ ਆਈ.ਡੀ. ਅਕਾਊਂਟ (e-punjab) ਵਿੱਚ ਦਿੱਤੇ ਲਿੰਕ ਤੇ ਮਿਤੀ 31-07-2020 ਤੱਕ ਦਰਜ ਕਰ ਸਕਦਾ/ਸਕਦੀ ਹੈ, ਇਸ ਮਿਤੀ ਤੋਂ ਬਾਅਦ ਕਿਸੇ ਵੀ ਅਧਿਆਪਕ ਦਾ ਇਤਰਾਜ ਸਵੀਕਾਰ ਨਹੀਂ ਕੀਤਾ ਜਾਵੇਗਾ। ਇਤਰਾਜ ਸੰਬੰਧਤ ਵੱਲੋਂ ਕੇਵਲ ਇੱਕ ਵਾਰ ਹੀ ਸਬ ਮਿੱਟ ਕੀਤਾ ਜਾ ਸਕਦਾ ਹੈ।

ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਸਿਰਫ ਉਹ ਇਤਰਾਜ ਹੀ ਵਿਚਾਰੇ ਜਾਣਗੇ ਜੋ ਅਧਿਆਪਕਾਂ ਵੱਲੋਂ ਆਪਣੇ ਈ ਪੰਜਾਬ ਆਈ.ਡੀ. ਅਕਾਊਂਟ ਵਿੱਚ ਉਕਤ ਦਰਸਾਈ ਮਿਤੀ ਤੱਕ ਹੀ ਦਰਜ ਕਰਵਾਏ ਜਾਣਗੇ। ਜੋ ਇਤਰਾਜ ਹੋਣ, ਉਨ੍ਹਾਂ ਨਾਲ ਸਬੰਧਤ ਦਸਤਾਵੇਜ ਇੱਕੋ PDF ਫਾਈਲ ਵਿੱਚ ਜਿਸ ਦਾ ਸਾਈਜ 2 MB ਤੋਂ ਘੱਟ ਹੋਵੇ, ਈ ਮੇਲ ਆਈ.ਡੀ. sendpiee2020@gmail.com ਤੇ ਮੇਲ ਕਰਨ।

**ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।**